ਮਿੱਠੇ ਬੱਚੇ:- "ਮਿੱਠੇ ਬੱਚੇ :- ਬਾਪ ਨੂੰ ਆਪਣੀ ਅਵਸਥਾ ਦਾ ਸਮਾਚਾਰ ਖੁਲ੍ਹੇ ਦਿਲ ਨਾਲ ਦਵੋ, ਖੁੱਲੀ ਅਤੇ ਸੱਚੀ ਦਿਲ ਵਿੱਚ ਹੀ ਬਾਪ ਦੀ ਯਾਦ ਟਿਕ ਸਕਦੀ ਹੈ"

ਪ੍ਰਸ਼ਨ:- ਇਸ ਸਮੇਂ ਛੋਟੇ - ਵੱਡੇ ਸਭਦੀ ਵਾਂਨਪ੍ਰਸ਼ਤ ਅਵਸਥਾ ਹੁੰਦੇ ਵੀ ਤੁਸੀਂ ਕਿਹੜਾ ਬੋਲ ਮੁਖ ਤੋਂ ਬੋਲ ਨਹੀਂ ਸਕਦੇ ਹੋ?

ਉੱਤਰ:- ਬਾਬਾ, ਹੁਣ ਜਲਦੀ ਕਰੋ, ਹੁਣ ਅਸੀਂ ਘਰ ਚੱਲੀਏ, ਇੱਥੇ ਤੇ ਬਹੁਤ ਦੁਖ ਹਨ। ਬਾਬਾ ਕਹਿੰਦੇ - ਤੁਸੀਂ ਬੱਚੇ ਇਵੇਂ ਕਦੀ ਨਹੀਂ ਕਹਿ ਸਕਦੇ ਕਿਉਂਕਿ ਤੁਸੀਂ ਹੁਣ ਈਸ਼ਵਰ ਦੇ ਸਮੁੱਖ ਬੈਠੇ ਹੋ। ਹੁਣ ਤੁਹਾਨੂੰ ਸ਼ੀਤਲ ਗੋਦ ਮਿਲੀ ਹੈ। ਇਸ ਸਮੇਂ ਤੁਸੀਂ ਉੱਚੇ ਤੋਂ ਉੱਚੇ ਬਣੇ ਹੋ। ਸਤਿਯੁਗ ਵਿੱਚ ਡਿਗਰੀ ਘਟ ਹੋ ਜਾਏਗੀ। ਦੈਵੀ ਸੰਤਾਨ ਬਣੋਂਗੇ, ਈਸ਼ਵਰੀ ਨਹੀਂ ਇਸਲਈ ਤੁਸੀਂ ਜਲਦੀ ਨਹੀਂ ਕਰ ਸਕਦੇ।

ਗੀਤ:- ਤੁਮ੍ਹਾਰੇ ਬੁਲਾਣੇ ਕੋ ਜੀ ਚਾਹਤਾ ਹੈ...

ਓਮ ਸ਼ਾਂਤੀ। ਮਿੱਠੇ -ਮਿੱਠੇ ਬੁਲਾਉਣ ਵਾਲੇ ਬੱਚਿਆਂ ਨੇ ਹੁਣ ਜਾਣਿਆ। ਭਗਤ ਭਗਵਾਨ ਨੂੰ ਬੁਲਾਉਂਦੇ ਹਨ। ਹੁਣ ਤੁਸੀਂ ਭਗਤ ਤਾਂ ਨਹੀਂ ਠਹਿਰੇ। ਤੁਸੀਂ ਹੋ ਬੱਚੇ। ਬੱਚੇ ਤੇ ਯਾਦ ਵੀ ਕਰਦੇ ਹਨ। ਲਿਖਦੇ ਵੀ ਹਨ ਬਾਬਾ, ਅਸੀਂ ਸਮੁਖ ਸੁਣਨਾ ਚਾਹੁੰਦੇ ਹਾਂ। ਬੁਲਾਵਾ ਦਿੰਦੇ ਰਹਿੰਦੇ ਹਨ - ਬਾਬਾ, ਤੁਹਾਡੇ ਤੋਂ ਸਮੁਖ ਸੁਣੀਏ। ਹੁਣ ਸਿਵਾਏ ਬ੍ਰਹਮਾ ਮੁਖ ਦੇ ਡਾਇਰੈਕਟ ਸੁਣਨਾ ਤਾਂ ਮੁਸ਼ਕਿਲ ਹੈ। ਬੱਚੇ ਜਾਣਦੇ ਹਨ - ਬਾਬਾ ਕਲਪ ਪਹਿਲੇ ਮੁਆਫਿਕ ਆਏ ਹੋਏ ਹਨ। ਬ੍ਰਹਮਾ ਮੁੱਖਵੰਸ਼ਾਵਲੀ ਬ੍ਰਾਹਮਣ ਕੁਲਭੂਸ਼ਨ ਨਾਮ ਕਿੰਨਾ ਚੰਗਾ ਦਿੱਤਾ ਹੋਇਆ ਹੈ। ਬ੍ਰਹਮਾਕੁਮਾਰ - ਕੁਮਾਰੀਆਂ ਤੇ ਬਹੁਤ ਹਨ। ਉਹਨਾਂ ਨੂੰ ਗਿਆਨ ਮਿਲਿਆ ਹੋਇਆ ਹੈ। ਪਰਮਪਿਤਾ ਪਰਮਾਤਮਾ ਜੋ ਗਿਆਨ ਦਾ ਸਾਗਰ ਹੈ, ਉਹਨਾਂ ਨੂੰ ਹੀ ਸੁਖ ਸਾਗਰ ਵੀ ਕਿਹਾ ਜਾਂਦਾ ਹੈ। ਗਾਇਆ ਵੀ ਹੋਇਆ ਹੈ - ਦੁੱਖ ਹਰਤਾ, ਸੁਖ ਕਰਤਾ। ਇਹ ਤੇ ਸ਼ਿਵਬਾਬਾ ਹੀ ਹੈ। ਨਾਮ ਕਿੰਨੇ ਵੱਖ - ਵੱਖ ਦਿੱਤੇ ਹਨ। ਗਾਇਨ ਤੇ ਬਹੁਤ ਹੈ ਨਾ। ਗਾਉਂਦੇ ਹਨ - ਹਰ - ਹਰ ਮਤਲਬ ਦੁੱਖ ਨੂੰ ਹਰੋ। ਭਗਵਾਨ ਦੇ ਲਈ ਹੀ ਗਾਉਂਦੇ ਹਨ। ਪਰ ਭਗਵਾਨ ਦਾ ਪਤਾ ਨਾ ਹੋਣ ਦੇ ਕਾਰਨ ਬ੍ਰਹਮਾ, ਵਿਸ਼ਨੂੰ, ਸ਼ੰਕਰ ਦੇ ਲਈ ਕਹਿ ਦਿੰਦੇ ਹਨ। ਦੇਵ - ਦੇਵ ਮਹਾਦੇਵ। ਸ਼ਿਵ ਨੂੰ ਭੁੱਲ ਸ਼ੰਕਰ ਦੇ ਲਈ ਕਹਿ ਦਿੰਦੇ ਹਨ - ਹਰ - ਹਰ ਮਹਾਦੇਵ...। ਬ੍ਰਹਮਾ ਅਤੇ ਵਿਸ਼ਨੂੰ ਨੂੰ ਮਹਾਦੇਵ ਨਹੀਂ ਕਹਾਂਗੇ। ਉਹ ਤਾਂ ਸਥੂਲ ਪਾਰ੍ਟ ਵਿੱਚ ਆਉਂਦੇ ਹਨ। ਸ਼ੰਕਰ ਮੂਲਵਤਨ ਵਿੱਚ ਹੀ ਰਹਿੰਦਾ ਹੈ। ਦੁੱਖ ਹਰਨ ਵਾਲਾ ਪਤਿਤ - ਪਾਵਨ ਤਾਂ ਇੱਕ ਨਿਰਾਕਾਰ ਭਗਵਾਨ ਹੈ। ਸ਼ੰਕਰ ਨੂੰ ਪਤਿਤ - ਪਾਵਨ ਨਹੀਂ ਕਹਾਂਗੇ। ਮਹਿਮਾ ਸਾਰੀ ਇੱਕ ਦੀ ਹੈ। ਵਿਸ਼ਨੂੰ ਦੇ ਦੋ ਰੂਪ ਲਕਸ਼ਮੀ - ਨਾਰਾਇਣ ਅਤੇ ਰਾਧੇ - ਕ੍ਰਿਸ਼ਨ ਹਨ ਜਿਨ੍ਹਾਂ ਦਾ ਵੱਖ - ਵੱਖ ਜਨਮ ਹੁੰਦਾ ਹੈ। ਵਿਸ਼ਨੂੰ ਅਵਤਰਨ ਵੀ ਗਾਇਆ ਹੋਇਆ ਹੈ। ਚਤੁਰਭੁਜ ਵੀ ਦਿਖਾਉਂਦੇ ਹਨ। ਪਰ ਇਹ ਕਿਸੇ ਨੂੰ ਪਤਾ ਨਹੀਂ ਹੈ ਕਿ ਪਹਿਲੇ ਲਕਸ਼ਮੀ - ਨਾਰਾਇਣ ਸਵਰਗ ਵਿੱਚ ਪ੍ਰਿੰਸ ਪ੍ਰਿੰਸੇਸ ਰਾਧੇ - ਕ੍ਰਿਸ਼ਨ ਬਣਦੇ ਹਨ। ਇਹ ਤੁਸੀਂ ਜਾਣਦੇ ਹੋ। ਇਹ ਵੀ ਜਾਣਦੇ ਹੋ - ਮਾਇਆ ਦਾ ਬੜਾ ਭਾਰੀ ਤੂਫ਼ਾਨ ਸੂਕ੍ਸ਼੍ਮ ਵਿੱਚ ਆਉਂਦਾ ਹੈ। ਮਾਇਆ ਭੁਲਾ ਦਿੰਦੀ ਹੈ। ਬਹੁਤ ਤੁਫ਼ਾਨ ਲਿਆਉਂਦੀ ਹੈ। ਕੋਈ ਵੀ ਗੱਲ ਖੁਲ੍ਹੇ ਦਿਲ ਨਾਲ ਬੱਚੇ ਪੁੱਛਦੇ ਰਹਿਣ ਤਾਂ ਪ੍ਰਸ਼ਨ ਦਾ ਉੱਤਰ ਮਿਲ ਸਕਦਾ ਹੈ। ਤੂਫ਼ਾਨ ਵੀ ਅਨੇਕ ਤਰ੍ਹਾਂ ਦੇ ਆਉਂਦੇ ਹਨ। ਸੁਪਨੇ, ਛੀ - ਛੀ ਵਿਕਲਪ ਅਨੇਕ ਤਰ੍ਹਾਂ ਦੇ ਆਉਂਦੇ ਹਨ। ਹਨ੍ਹੇਰੀ, ਤੂਫ਼ਾਨ ਨੂੰ ਕਿਹਾ ਜਾਂਦਾ ਹੈ। ਹੁਣ ਇਹ ਬ੍ਰਹਮਾ ਤੇ ਨਾਮੀਗ੍ਰਾਮੀ ਹੈ। ਬਾਕੀ ਵੀ ਬਾਬਾ ਨੇ ਪ੍ਰਵੇਸ਼ ਕੀਤਾ ਹੈ ਤਾਂ ਬਹੁਤ ਨਾਮੀਗ੍ਰਾਮੀ ਹੋ ਗਿਆ ਹੈ। ਜਿਵੇਂ - ਜਿਵੇਂ ਮਨੁੱਖਾਂ ਦਾ ਦੇਸ਼ ਉਵੇਂ ਦਾ ਭੇਸ਼ ਵੀ ਹੁੰਦਾ ਹੈ। ਹੁਣ ਤਾਂ ਦੇਖੋ ਕੋਈ ਲੂਲੇ - ਲਗੜ੍ਹੇ, ਕੋਈ ਕੁਬਜੇ, ਕਿਸੇ ਦੀ ਅੱਖ ਨਹੀਂ ਹੁੰਦੀ। ਉੱਥੇ ਤੇ ਨੈਚਰੁਲ ਬਿਊਟੀ ਹੈ ਕਿਉਂਕਿ ਪੰਜ ਤਤ੍ਵ ਵੀ ਸਤੋਪ੍ਰਧਾਨ ਹਨ। ਤਾਂ ਇਹ ਗਿਆਨ ਸਮੁਖ ਸੁਣਨ ਦੇ ਲਈ ਬੱਚੀਆਂ ਬੁਲਾਉਂਦੀਆਂ ਹਨ। ਗੀਤਾ ਵਿੱਚ ਕੁਝ ਨਾ ਕੁਝ ਠੀਕ ਹੈ। ਜਿਵੇਂ ਦੇਵਤਾ ਧਰਮ ਪ੍ਰਾਯ ਲੋਪ ਹੈ ਫਿਰ ਵੀ ਮੰਦਿਰ ਦੇ ਯਾਦਗਾਰ ਤਾਂ ਹਨ ਨਾ। ਯਾਦਗਾਰ ਸਭ ਧਰਮ ਵਾਲਿਆਂ ਦਾ ਹੈ। ਇਹ ਤੁਸੀਂ ਬੱਚੇ ਸਮਝਦੇ ਹੋ ਬਰੋਬਰ ਉੱਚ ਤੇ ਉੱਚ ਇੱਕ ਨਿਰਾਕਾਰ ਭਗਵਾਨ ਨੂੰ ਕਿਹਾ ਜਾਂਦਾ ਹੈ। ਉਹਨਾਂ ਦਾ ਹੀ ਗਾਇਨ ਹੈ ਅਤੇ ਹੈ ਵੀ ਸੰਗਮਯੁਗ, ਜਦੋਂ ਆਤਮਾਵਾਂ ਅਤੇ ਪਰਮਾਤਮਾ ਮਿਲਦੇ ਹਨ। ਆਤਮਾਵਾਂ ਤੇ ਬਹੁਤ ਹਨ। ਵ੍ਰਿਧੀ ਹੁੰਦੀ ਰਹੇਗੀ। ਹੁਣ ਤੁਸੀਂ ਬੱਚੇ ਸਮੁਖ ਸੁਣ ਰਹੇ ਹੋ। ਹੋਰਾਂ ਦੀ ਵੀ ਦਿਲ ਹੁੰਦੀ ਹੈ ਸਾਮ੍ਹਣੇ ਸੁਣੀਏ। ਇੱਥੇ ਆ ਨਹੀਂ ਸਕਦੇ। ਬੰਧੇਲੀਆਂ ਹਨ। ਹੋਰ ਕਿਸੇ ਵੀ ਸਤਿਸੰਗਾ ਵਿੱਚ ਜਾਣ ਦੇ ਲਈ ਕਦੀ ਕਿਸੇਨੂੰ ਮਨਾ ਨਹੀਂ ਕਰਦੇ। ਬੰਬਈ ਵਿੱਚ ਗੀਤਾ ਸੁਣਾਉਂਦੇ ਹਨ, ਕੋਈ ਵੀ ਧਰਮ ਵਾਲੇ ਜਾ ਸਕਦੇ ਹਨ। ਫੀਸ ਨਹੀਂ ਹੈ। ਵੱਖ - ਵੱਖ ਗੁਰੂਆਂ ਦੇ ਕੋਲ ਜਾਂਦੇ ਰਹਿੰਦੇ ਹਨ ਕਿ ਕਿਥੋਂ ਤੋਂ ਸਹਿਜ ਰਸਤਾ ਮਿਲ ਜਾਏ। ਮੁਕਤੀ ਅਤੇ ਜੀਵਨਮੁਕਤੀ ਦੇ ਰਸਤੇ ਦਾ ਕਿਸੇਨੂੰ ਪਤਾ ਨਹੀਂ ਹੈ ਇਸਲਈ ਬਹੁਤ ਲੱਭਦੇ ਹਨ। ਇੱਥੇ ਤਾਂ ਕੋਈ ਗੁਰੂ - ਗੋਸਾਈ ਹੈ ਨਹੀਂ। ਬ੍ਰਹਮਾਕੁਮਾਰ ਅਤੇ ਕੁਮਾਰੀਆਂ, ਬਸ। ਮਹਾਤਮਾ ਕੋਈ ਨਹੀਂ। ਜਿਵੇਂ ਤੁਸੀਂ ਹੋ ਉਵੇਂ ਇਹ (ਦਾਦਾ) ਹੈ। ਫ਼ਰਕ ਕੁਝ ਨਹੀਂ ਹੈ। ਵੇਸ਼ ਆਦਿ ਵਿੱਚ ਕੋਈ ਫ਼ਰਕ ਨਹੀਂ ਹੈ। ਇਹ ਸ਼ਾਲ ਆਦਿ ਵੀ ਕਦੀ ਉਤਾਰ ਦਿੰਦਾ ਹਾਂ। ਪਰ ਡਰਾਮੇ ਅਨੁਸਾਰ ਇਹ ਜਿਵੇਂ ਆਫ਼ੀਸ਼ੀਅਲ ਡਰੈਸ ਹੈ। ਡਰੈਸ ਨੂੰ ਤਾਂ ਦੇਖਣਾ ਨਹੀਂ ਹੈ। ਬੁੱਧੀ ਸ਼ਿਵਬਾਬਾ ਵੱਲ ਚਲੀ ਜਾਂਦੀ ਹੈ। ਹੋਰ ਸਭ ਮਨੁੱਖ ਸ਼ਰੀਰ ਨੂੰ ਦੇਖਣਗੇ। ਤੁਸੀਂ ਆਪਣੇ ਸ਼ਰੀਰ ਨੂੰ ਵੀ ਭੁਲਦੇ ਹੋ ਅਤੇ ਇਸ ਦਾਦਾ ਦੇ ਸ਼ਰੀਰ ਨੂੰ ਵੀ ਭੁਲਦੇ ਹੋ। ਦੇਹੀ - ਅਭਿਮਾਨੀ ਬਣਨਾ ਹੈ। ਇਹਨਾਂ ਦੇ ਸ਼ਰੀਰ ਨੂੰ ਨਹੀਂ ਯਾਦ ਕਰਨਾ ਹੈ। ਸ਼ਿਵਬਾਬਾ ਇਹਨਾਂ ਦਵਾਰਾ ਸਾਨੂੰ ਰਾਜਯੋਗ ਸਿਖਾਉਂਦੇ ਹਨ। ਉਹ ਹੀ ਨਾਲੇਜ਼ਫੁੱਲ, ਤ੍ਰਿਕਾਲਦਰਸ਼ੀ ਹਨ। ਆਦਿ - ਮੱਧ - ਅੰਤ ਦਾ

ਰਾਜ਼ ਇਸ ਸਮੇਂ ਬੈਠ ਸੁਣਾਉਂਦੇ ਹਨ।

ਬੁੱਢਿਆਂ ਆਦਿ ਦੇ ਲਈ ਬੜਾ ਸਹਿਜ ਹੈ। ਉਹਨਾਂ ਸਕੂਲਾਂ ਵਿੱਚ ਤਾਂ ਬੁੱਢੇ ਕੁਝ ਸਮਝ ਨਾ ਸਕਣ। ਇਹ ਸਭਦੇ ਲਈ ਸਹਿਜ ਹੈ। ਬਾਪ ਸਿਰਫ਼ ਕਹਿੰਦੇ ਹਨ - ਮੈਨੂੰ ਯਾਦ ਕਰੋ। ਜਿਵੇਂ ਮਨੁੱਖ ਮਰਨ ਤੇ ਹੁੰਦੇ ਹਨ ਤਾਂ ਮੰਤਰ ਦਿੰਦੇ ਹਨ - ਰਾਮ - ਰਾਮ ਕਹੋ, ਇਹ ਕਹੋ। ਬਹੁਤ ਕਰਕੇ ਵਾਨਪ੍ਰਸਥ ਦੇ ਬਾਅਦ ਹੀ ਗੁਰੂ ਦਾ ਮੰਤਰ ਲੈਂਦੇ ਹਨ। ਪਰ ਹੁਣ ਤਾਂ ਬਾਪ ਕਹਿੰਦੇ ਹਨ - ਸਾਰੀ ਪੁਰਾਣੀ ਦੁਨੀਆਂ ਦਾ ਵਿਨਾਸ਼ ਹੋਣਾ ਹੈ। ਬੁੱਢੇ, ਜਵਾਨ, ਛੋਟੇ - ਸਭ ਦੀ ਵਾਨਪ੍ਰਸਤ ਅਵਸਥਾ ਹੈ। ਇਵੇਂ ਤਾਂ ਹੋਰ ਕੋਈ ਕਹਿ ਨਾ ਸਕਣ। ਕਹਿਣਗੇ - ਸਭਦਾ ਮੌਤ ਲਿਆਉਣ ਨੂੰ ਤਿਆਰ ਹੋਏ ਹੋ ਕੀ? ਹਾਂ, ਮੌਤ ਤਾਂ ਸਭਦਾ ਹੋਣਾ ਹੀ ਹੈ। ਕਈ - ਕਈ ਕਹਿੰਦੇ ਹਨ - ਬਾਬਾ, ਇੱਥੇ ਅਜੁਨ ਕਦੋਂ ਤੱਕ ਰਹਾਂਗੇ, ਅਸੀਂ ਜਲਦੀ ਜਾਈਏ? ਇੱਥੇ ਬਹੁਤ ਦੁੱਖ ਹਨ। ਅੱਗੇ ਚੱਲਕੇ ਵੀ ਇਵੇਂ - ਇਵੇਂ ਕਹਿਣਗੇ। ਬਾਬਾ ਕਹਿੰਦੇ ਹਨ - ਇਵੇਂ ਕਿਉਂ ਕਹਿੰਦੇ ਹੋ? ਅਰੇ, ਇਸ ਸਮੇਂ ਤਾਂ ਤੁਸੀਂ ਈਸ਼ਵਰ ਦੇ ਸਮੁੱਖ ਹੋ। ਫਿਰ ਤਾਂ ਡਿਗਰੀ ਡੀਗ੍ਰੇਡ ਹੋ ਜਾਏਗੀ। ਜਾਕੇ ਦੈਵੀ ਸੰਤਾਨ ਬਣਨਗੇ। ਹੁਣ ਇਹ ਸ਼ੀਤਲ ਗੋਦ ਚੰਗੀ ਹੈ। ਉੱਥੇ (ਸਵਰਗ) ਤਾਂ ਹੋਵੇਗਾ ਹੀ ਸ਼ੀਤਲ। ਪਰ ਇੱਥੇ ਤੇ ਤੱਤੇ (ਗਰਮ) ਨੂੰ ਵੀ ਸ਼ੀਤਲ ਬਣਾਇਆ ਜਾਂਦਾ ਹੈ ਤਾਂ ਚੰਗਾ ਰਹਿੰਦਾ ਹੈ। ਇਵੇਂ ਨਹੀਂ ਕਿ ਹੁਣ ਜਲਦੀ ਕਰੋ। ਹੁਣ ਤਾਂ ਅਸੀਂ ਉਚੇ ਤੋਂ ਉੱਚ ਹਾਂ। ਨਾਮਾਚਾਰ ਹੀ ਸਾਰਾ ਇਸ ਸਮੇਂ ਦਾ ਹੈ। ਦੇਲਵਾੜਾ ਮੰਦਿਰ ਵੀ ਇਸ ਸਮੇਂ ਦਾ ਹੈ। ਸਾਰੀ ਸ੍ਰਿਸ਼ਟੀ ਦੀਆਂ ਆਤਮਾਵਾਂ ਦੀ ਦਿਲ ਲੈਣ ਵਾਲਾ ਹੈ ਬਾਪ। ਦਿਲਵਾੜਾ ਮੰਦਿਰ ਸਭ ਦੇ ਲਈ ਹੈ। ਆਤਮਾ ਸ਼ਰੀਰ ਦਵਾਰਾ ਪੁਕਾਰਦੀ ਹੈ - ਬਾਬਾ, ਆਓ, ਆਕੇ ਸਾਨੂੰ ਨਵਾਂ ਬਣਾਓ, ਅਸੀਂ ਪੁਰਾਣੇ ਹੋ ਗਏ ਹਾਂ। ਆਤਮਾ ਅਤੇ ਸ਼ਰੀਰ ਦੋਵੇਂ ਹੀ ਪੁਰਾਣੇ ਹਨ। ਆਤਮਾ ਬੁੱਧੀਹੀਣ ਅੰਨ੍ਹੀ ਬਣੀ ਹੈ। ਮਨੁੱਖ ਨੂੰ ਥੋੜ੍ਹੀ ਹੀ ਅੰਨ੍ਹਾ ਕਿਹਾ ਜਾਂਦਾ ਹੈ। ਅੱਖਾਂ ਤੇ ਹਨ ਨਾ। ਪਰ ਬੁੱਧੀ ਅੰਨ੍ਹੀ ਹੈ। ਆਤਮਾ ਵਿੱਚ ਜੋ ਬੁੱਧੀ ਹੈ ਯਾਦ ਕਰਨ ਦੀ ਉਹ ਬਿਲਕੁਲ ਭੁੱਲ ਗਈ ਹੈ। ਤਾਂ ਗੋਪਿਕਾਵਾਂ ਕੋਈ ਕਿੱਥੇ, ਕੋਈ ਕਿੱਥੇ ਤੋਂ ਬੁਲਾਉਂਦੀਆਂ ਹਨ। ਬਾਂਧੇਲੀਆ ਗੋਪਿਕਾਵਾਂ ਛੋਟੇ - ਛੋਟੇ ਗਾਂਵ ਤੋਂ ਬੁਲਾਉਂਦੀਆਂ ਰਹਿੰਦੀਆਂ ਹਨ। ਬਾਪ ਸਮਝਾਉਂਦੇ ਹਨ ਬੱਚੇ, ਸਤਿਯੁਗ ਵਿੱਚ ਗ੍ਰਹਿਸਤ ਆਸ਼ਰਮ ਪਵਿੱਤਰ ਸੀ। ਹੁਣ ਤਾਂ ਵਿਸ਼ ਦੇ ਲਈ ਕਿੰਨਾ ਹੈਰਾਨ ਕਰਦੇ ਹਨ। ਇਹ ਨਹੀਂ ਸਮਝਦੇ ਕਿ ਇੱਥੇ ਨਿਰਵਿਕਾਰੀ ਬਣਾਇਆ ਜਾਂਦਾ ਹੈ। ਨਿਰਵਿਕਾਰੀ ਬਣਨ ਨਾਲ ਫਿਰ ਕੀ ਬਨਣਗੇ - ਇਹ ਵੀ ਪਤਾ ਨਹੀਂ। ਸੰਨਿਆਸੀ ਵੀ ਪਵਿਤ੍ਰ ਬਣਨ ਲਈ ਭੱਜਦੇ ਹਨ। ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕੀ ਅਸੀਂ ਪਵਿਤ੍ਰ ਬਣ ਪਵਿਤ੍ਰ ਦੁਨੀਆ ਵਿੱਚ ਜਾਵਾਂਗੇ। ਇਹਨਾਂ ਗੱਲਾਂ ਨੂੰ ਉਹ ਮੰਨਦੇ ਹੀ ਨਹੀਂ। ਇਸ ਸਮੇਂ ਇਨਾਂ ਦੁੱਖ ਹੈ ਜੋ ਸਮਝਦੇ ਹਨ ਇਸਤੋਂ ਮੁਕਤੀ ਜਾਂ ਮੋਕਸ਼ ਚੰਗਾ ਹੈ। ਬਾਪ ਨੇ ਸਮਝਾਇਆ ਹੈ - ਡਰਾਮੇ ਵਿੱਚ ਮੋਕਸ਼ ਕਿਸੇ ਨੂੰ ਮਿਲਦਾ ਹੀ ਨਹੀਂ ਹੈ। ਹਨ ਤੁਸੀਂ ਜਾਣਦੇ ਹੋ। ਬਾਪ ਕਹਿੰਦੇ ਹਨ - ਸਿਰਫ਼ ਐਨਾ ਯਾਦ ਕਰੋ ਕਿ ਕਿ 84 ਜਨਮ ਪੂਰੇ ਹੋਏ, ਹੁਣ ਬਾਬਾ ਆਇਆ ਹੈ ਲੈਣ ਲਈ। ਬਾਪ ਨੂੰ ਯਾਦ ਨਹੀਂ ਕਰਾਂਗੇ ਤੇ ਤੂਫ਼ਾਨ ਬਹੁਤ ਲੱਗਣਗੇ। ਵਿਵੇਕ ਵੀ ਕਹਿੰਦਾ ਹੈ - ਨਿਰੰਤਰ ਯਾਦ ਕਰਨਾ ਬੜਾ ਮੁਸ਼ਕਿਲ ਹੈ। ਭਾਵੇਂ ਬਾਬਾ ਕਹਿੰਦੇ ਹਨ - ਤੁਸੀਂ ਕਰਮਯੋਗੀ ਹੋ। ਪਰ ਦੇਖਿਆ ਗਿਆ ਹੈ ਕਰਮ ਕਰਨ ਦੇ ਸਮੇਂ ਯਾਦ ਭੁੱਲ ਜਾਂਦੀ ਹੈ। ਅਜਿਹੀ ਅਵਸਥਾ ਨੂੰ ਪਾਉਣ ਵਿੱਚ ਟਾਇਮ ਲੱਗਦਾ ਹੈ। ਇਸ ਵਿੱਚ ਬਹੁਤ ਪੁਰਸ਼ਾਰਥ ਕਰਨਾ ਹੁੰਦਾ ਹੈ। ਕਾਲੇਜ ਵਿੱਚ ਪੁਰਸ਼ਾਰਥੀ ਬੱਚਿਆਂ ਨੂੰ ਰਾਤ - ਦਿਨ ਪੜਨ ਦੀ ਹੌਬੀ ਰਹਿੰਦੀ ਹੈ। ਕੋਸ਼ਿਸ਼ ਕਰਦੇ ਹਨ ਗੌਰਮਿੰਟ ਤੋਂ ਸਕਾਲਰਸ਼ਿਪ ਲੈ ਲਈਏ। ਬਹੁਤ ਮੱਥਾ ਮਾਰਦੇ ਹਨ। ਫਿਰ ਬਹੁਤ ਖੁਸ਼ ਹੁੰਦੇ ਹਨ। ਇੱਥੇ ਵੀ ਬਾਪ ਕਹਿੰਦੇ ਹਨ - ਤੁਸੀਂ ਚੰਗੀ ਤਰ੍ਹਾਂ ਪੜਕੇ ਸਕਾਲਰਸ਼ਿਪ ਲਵੋ। ਪਹਿਲੇ - ਪਹਿਲੇ ਤਖ਼ਤਨਸ਼ੀਨ ਬਣ ਜਾਵੋ। ਦੌੜੀ ਲਗਾਉਣੀ ਚਾਹੀਦੀ ਹੈ। ਤੁਸੀਂ ਜਾਣਦੇ ਹੋ - ਹੁਣ ਬਾਪ ਸਾਮ੍ਹਣੇ ਬੈਠੇ ਹਨ। ਡਾਇਰੈਕਟ ਇਸ ਰਥ ਵਿੱਚ ਬੈਠ ਬੱਚੇ - ਬੱਚੇ ਕਹਿ ਕੇ ਗੱਲ ਕਰਦੇ ਹਨ। ਬ੍ਰਹਮਾ ਦਾ ਤਨ ਤੇ ਮੁਕਰਰ ਹੈ। ਬਾਪ ਕਹਿੰਦੇ ਹਨ ਮੈਂ ਆਤਮਾਵਾਂ ਨਾਲ ਗੱਲ ਕਰਦਾ ਹਾਂ। ਤੁਸੀਂ ਪੁਕਾਰਦੇ ਸੀ ਬਾਬਾ, ਆਓ। ਹੁਣ ਮੈਂ ਆਇਆ ਹਾਂ। ਤੁਸੀਂ ਆਤਮਾਵਾਂ ਵੀ ਨਿਰਾਕਾਰ ਹੋ। ਮੈਂ ਵੀ ਨਿਰਾਕਾਰ ਹਾਂ। ਤੁਸੀਂ ਭਗਤੀ ਮਾਰਗ ਵਿੱਚ ਵੱਖ - ਵੱਖ ਨਾਮ, ਰੂਪ, ਦੇਸ਼ ਕਾਲ ਧਾਰਨ ਕਰ ਯਾਦ ਕਰਦੇ ਆਏ ਹੋ। ਹੁਣ ਸਨਮੁੱਖ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ। ਤੁਹਾਨੂੰ ਤੇ ਆਪਣੇ ਸ਼ਰੀਰ ਦਾ ਆਧਾਰ ਹੈ। ਮੈਨੂੰ ਇਹ ਲੋਨ ਲੈਣਾ ਪੈਂਦਾ ਹੈ। ਬਾਪ ਬੱਚਿਆਂ ਨੂੰ ਕਹਿੰਦੇ ਹਨ ਹੁਣ ਇਹ ਪੁਰਾਣਾ ਚੋਲਾ ਛੱਡਣਾ ਹੈ। ਨਾਟਕ ਪੂਰਾ ਹੋਇਆ, ਹੁਣ ਨਿਰੰਤਰ ਬਾਪ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰੋ। ਜੇਕਰ ਹੋਰ ਕੁਝ ਯਾਦ ਪੈਂਦਾ ਰਹੇਗਾ ਤਾਂ ਸਜਾਵਾਂ ਖਾਣੀਆਂ ਪੈਣਗੀਆਂ। ਜਿੰਨਾਂ ਹੋ ਸਕੇ ਦੂਜਿਆਂ ਦੀ ਯਾਦ ਕੱਢ ਦਵੋ। ਯਾਤ੍ਰਾ ਤੇ ਜਾਂਦੇ ਹਨ ਤਾਂ ਬੁੱਧੀ ਵਿੱਚ ਉਹ ਹੀ ਯਾਦ ਰਹਿੰਦੀ ਹੈ। ਬਸ, ਅਸੀਂ ਸ਼੍ਰੀਨਾਥ ਦਵਾਰੇ ਜਾਂਦੇ ਹਾਂ। ਤੁਹਾਡੀ ਹੈ ਸੱਚੀ ਰੂਹਾਨੀ ਯਾਤ੍ਰਾ। ਆਤਮਾ ਪਰਮਾਤਮਾ ਦੇ ਨਾਲ ਯੋਗ ਲਗਾਉਂਦੀ ਹੈ। ਫਿਰ ਸ਼ਰੀਰ ਨਿਰਵਾਹ ਅਰਥ ਕਰਮ ਕਰਨ ਦੇ ਲਈ ਇੱਥੇ ਆਉਂਦੇ ਜਾਂਦੇ ਹਨ। ਕਿੱਥੇ ਵੀ ਹੋਵੋ ਯਾਦ ਰਹਿਣੀ ਚਾਹੀਦੀ ਹੈ । ਤੁਸੀਂ ਜਾਣਦੇ ਹੋ ਭਗਵਾਨ ਸ੍ਰਵਵਿਆਪੀ ਨਹੀਂ, ਉਹ ਤਾਂ ਬਾਪ ਹੈ ਅਤੇ ਬਾਪ ਤੋਂ ਵਰਸਾ ਮਿਲਦਾ ਹੈ। ਸ੍ਰਵਵਿਆਪੀ ਕਹਿਣ ਨਾਲ ਕੋਈ ਮਤਲਬ ਹੀ ਨਹੀਂ ਨਿਕਲਦਾ। ਬਾਪ ਨੂੰ ਤੇ ਵਰਸਾ ਦੇਣ ਹੁੰਦਾ ਹੈ। ਉਨ੍ਹਾਂ ਨੂੰ ਇਹ ਆਸ ਨਹੀਂ ਰਹਿੰਦੀ ਕਿ ਮੈਨੂੰ ਵਰਸਾ ਮਿਲਣਾ ਹੈ। ਆਸ ਰਹੇਗੀ - ਬੱਚਿਆਂ ਨੂੰ ਵਰਸਾ ਦੇਣਾ ਹੈ। ਇਸ ਬਾਪ ਦੇ ਵੀ ਦਿਲ ਵਿਚ ਹੈ - ਮੈਂ ਵਰਸਾ ਦੇਣਾ ਹੈ। ਬਾਪ ਅਤੇ ਬਚਿਆਂ ਦਾ ਸੰਬੰਧ ਹੈ। ਬੱਚਿਆਂ ਨੂੰ ਵਰਸਾ ਲੈਣਾ ਹੈ, ਬਾਪ ਨੇ ਦੇਣਾ ਹੈ। ਬਾਪ ਫਿਰ। ਕੀ ਲੈਣਗੇ! ਉਨ੍ਹਾਂ ਨੇ ਦੇਣਾ ਹੁੰਦਾ ਹੈ। ਸੱਚੀ ਆਤਮਾ ਤੇ ਸਾਹਿਬ ਰਾਜੀ ਹੁੰਦਾ ਹੈ। ਤਾਂ ਕਿੰਨਾਂ ਸੱਚਾ ਬਣਨਾ ਚਾਹੀਦਾ ਹੈ। ਪਰ ਸਾਰੇ ਬੱਚੇ ਹੋ ਨਾ ਤਾਂ ਵਰਸਾ ਦੇਣ ਵਾਲੇ ਬਾਪ ਨੂੰ ਯਾਦ ਕਰਨਾ ਚਾਹੀਦਾ ਹੈ। ਕੱਚੇ ਬੱਚਿਆਂ ਨੂੰ ਯਾਦ ਨਹੀਂ ਰਹਿੰਦਾ ਹੈ। ਸ਼ਰੀਰ ਨਿਰਵਾਹ ਲਈ ਭਾਵੇਂ ਕਰਮ ਕਰੋ ਫਿਰ ਫੁਰਸਤ ਦੇ ਵਕਤ ਬਾਪ ਨੂੰ ਯਾਦ ਕਰੋ। ਯਾਦ ਦੀ ਯਾਤ੍ਰਾ ਦਾ ਰਜਿਸਟਰ ਤੁਹਾਡਾ ਠੀਕ ਹੁੰਦਾ ਜਾਵੇਗਾ ਤਾਂ ਖੁਸ਼ੀ ਰਹੇਗੀ। ਮਨੁੱਖ ਨੂੰ ਜੋ ਆਦਤ ਪੈਂਦੀ ਹੈ ਉਹ ਵਾਧੇ ਨੂੰ ਪਾਉਂਦੀ ਹੈ। ਬੁੱਧੀ ਵਿੱਚ ਰਹਿਣਾ ਚਾਹੀਦਾ ਹੈ ਸਾਡੇ 84 ਜਨਮ ਪੂਰੇ ਹੋਏ। ਹੁਣ ਨਾਟਕ ਪੂਰਾ ਹੋਇਆ। ਹੁਣ ਅਸੀ ਜਾਂਦੇ ਹਾਂ ਆਪਣੇ ਘਰ ਇਸਲਈ ਬਾਪ ਕਹਿੰਦੇ ਹਨ - ਮੈਨੂੰ ਯਾਦ ਕਰੋ। ਗੀਤਾ ਵਿਚ ਵੀ ਦੋ ਵਾਰੀ ਮਨਮਨਾਭਵ ਲਿਖਿਆ ਹੋਇਆ ਹੈ।

ਕੁਝ - ਕੁਝ ਗੱਲਾਂ ਤੇ ਆਟੇ ਵਿੱਚ ਨੂਨ ਹਨ।

ਦੂਜੇ ਧਰਮ ਵਾਲਿਆਂ ਦੇ ਕੋਈ ਚਿਤ੍ਰ ਆਦਿ ਨਹੀਂ ਰਹਿੰਦੇ ਹਨ। ਤੁਹਾਡੇ ਚਿਤ੍ਰ ਹਨ। ਬ੍ਰਹਮਾ ਦਾ ਵੀ ਅਜਮੇਰ ਵਿੱਚ ਚਿਤ੍ਰ ਹੈ। ਬ੍ਰਾਹਮਣਾਂ ਵਿੱਚ ਵੀ ਬਹੁਤ ਕਿਸਮ ਦੇ ਹਨ। ਵੱਖ - ਵੱਖ ਨਾਮ ਰੱਖੇ ਹੋਏ ਹਨ। ਭਾਸ਼ਾਵਾਂ ਵੇਖੋ ਕਿੰਨੀਆਂ ਹਨ। ਬੱਚੇ ਜਾਣਦੇ ਹਨ ਸਾਡੀ ਰਾਜਧਾਨੀ ਵਿਚ ਇੱਕ ਹੀ ਭਾਸ਼ਾ ਹੋਵੇਗੀ। ਉੱਥੇ ਦੀ ਭਾਸ਼ਾ ਹੀ ਹੋਰ ਹੈ। ਸੰਸਕ੍ਰਿਤ ਆਦਿ ਨਹੀਂ ਹੁੰਦੀ ਹੈ। ਬੱਚੀਆਂ ਉੱਥੇ ਦੀ ਭਾਸ਼ਾ ਆਦਿ ਸੁਣਾਦੀਆਂ ਸਨ। ਹੁਣ ਤੁਸੀਂ ਬੱਚਿਆਂ ਨੂੰ ਖੁਸ਼ੀ ਰਹਿਣੀ ਚਾਹੀਦੀ ਹੈ। ਅਸੀ ਰਾਜਧਾਨੀ ਸਥਾਪਨ ਕਰ ਰਹੇ ਹਾਂ। ਫਿਰ ਓਥੇ ਆਪਣੀ ਭਾਸ਼ਾ ਹੋਵੇਗੀ। ਇੱਥੇ ਦੀਆਂ ਭਸ਼ਾਵਾਂ ਉੱਥੇ ਨਹੀਂ ਹੋ ਸਕਦੀਆਂ। ਡਰਾਮੇ ਦੀ ਨੂੰਧ ਅਨੁਸਾਰ ਫਿਰ ਉਹ ਹੀ ਆਪਣੇ ਮਹਿਲ ਆਦਿ ਬਨਾਉਣਗੇ। ਕਲਪ ਪਹਿਲੇ ਮੁਆਫਿਕ। ਇੱਥੇ ਇਹ ਬ੍ਰਿਟਿਸ਼ ਗੌਰਮਿੰਟ ਨੇ ਨਿਊ ਦਿੱਲੀ ਬਣਾਈ ਹੈ। ਤੁਸੀਂ ਜਾਣਦੇ ਹੋ ਅਸੀਂ ਦਿੱਲੀ ਨਾਮ ਨਹੀਂ ਰੱਖਾਂਗੇ। ਇਹ ਪੁਰਾਣੀ ਦੁਨੀਆ ਤੇ ਖਤਮ ਹੋਣੀ ਹੈ। ਸਾਨੂੰ ਨਵੇਂ ਤੋਂ ਨਵੀਂ ਦੁਨੀਆ ਚਾਹੀਦੀ। ਉੱਥੇ ਤਾਂ ਹੀਰੇ - ਜਵਾਹਰਾਂ ਦੇ ਮਹਿਲ ਬਣਨਗੇ। ਹੁਣ ਤੇ ਉਹ ਮਹਿਲ ਨਹੀਂ ਹਨ। ਬੁੱਧੀ ਕਹਿੰਦੀ ਹੈ ਅਸੀਂ ਬਹੁਤ ਫਸਟਕਲਾਸ ਮਹਿਲ ਬਣਾਵਾਂਗੇ। ਇਹ ਤਾਂ ਛੀ - ਛੀ ਦੁਨੀਆ ਹੈ। ਅਜਿਹੀਆਂ ਆਪਸ ਵਿੱਚ ਗੱਲਾਂ ਕਰਨੀਆਂ ਚਾਹੀਦੀਆਂ ਹਨ। ਭੈਣ ਜੀ, ਭਾਈ ਜੀ ਅਸੀਂ ਤਾਂ ਜਾਵਾਂਗੇ ਫਿਰ ਆਕੇ ਆਪਣੀ ਰਾਜਧਾਨੀ ਸੰਭਾਲਾਂਗੇ। ਅਜਿਹੇ ਲਿਬਾਸ ਪਾਵਾਂਗੇ। ਪਹਿਲੇ ਜੇਵਰ ਆਦਿ ਸਭ ਸੱਚੇ ਪਾਉਂਦੇ ਸਨ। ਲਕਸ਼ਮੀ - ਨਾਰਾਇਣ ਦੇ ਮੰਦਿਰ ਵਿਚ ਕਿੰਨੇ ਜੇਵਰ ਆਦਿ ਹੋਣਗੇ। ਸ਼ਿਵ ਦਾ ਮੰਦਿਰ ਕੀ ਹੋਵੇਗਾ? ਸ਼ਿਵ ਦਾ ਲਿੰਗ ਵੀ ਹੀਰਿਆਂ ਦਾ ਬਣਾਉਂਦੇ ਹਨ। ਇਹ ਵੀ ਸਮਝਣ ਦੀਆਂ ਗੱਲਾਂ ਹਨ। ਸਾਡੇ ਸ਼ਿਵਬਾਬਾ ਦੇ ਮੰਦਿਰ ਨੂੰ ਬਰੋਬਰ ਮੁਸਲਮਾਨਾਂ ਨੇ ਆਕੇ ਲੁਟਿਆ ਹੈ ਜੋ ਭਗਤੀਮਾਰਗ ਵਿੱਚ ਸ਼ੁਰੂ ਵਿਚ ਬਣਾਇਆ ਸੀ। ਤੁਸੀਂ ਜਾਣਦੇ ਹੋ ਦਵਾਪਰ ਯੁੱਗ ਤੋਂ ਸ਼ਿਵਬਾਬਾ ਦੇ ਮੰਦਿਰ ਬਣੇ ਹਨ। ਆਪੇ ਹੀ ਪੂਜਯ ਤੋਂ ਫਿਰ ਪੁਜਾਰੀ ਬਣ ਜਾਂਦੇ ਹਨ। ਪਹਿਲੇ - ਪਹਿਲੇ ਸੋਮਨਾਥ ਦਾ ਮੰਦਿਰ ਬਣਿਆ ਹੈ। ਸੋਮਰਸ ਕਿਹਾ ਜਾਂਦਾ ਹੈ ਨਾਲੇਜ਼ ਨੂੰ। ਨਾਲੇਜ਼ ਦੇਣ ਵਾਲਾ ਬਾਪ ਹੈ ਜਿਸ ਨਾਲ ਤੁਸੀਂ ਧੰਨਵਾਨ ਬਣਦੇ ਹੋ। ਫਿਰ ਉਸੀ ਧਨ ਨਾਲ ਤੁਸੀਂ ਬਾਪ ਦਾ ਮੰਦਿਰ ਬਣਾਉਂਦੇ ਹੋ। ਪੂਜਾ ਵੀ ਤੇ ਹੋਵੇਗੀ ਨਾ। ਘਰ - ਘਰ ਮੰਦਿਰ ਬਣਾਉਂਦੇ ਹਨ ਨਾ। ਤੁਸੀਂ ਜਾਣਦੇ ਹੋ ਜਦੋਂ ਭਗਤੀ ਮਾਰਗ ਸ਼ੁਰੂ ਹੋਵੇਗਾ ਤਾਂ ਫਿਰ ਅਸੀਂ ਪੁਜਾਰੀ ਬਣ ਮੂਰਤੀ ਆਦਿ ਬਣਾਵਾਂਗੇ। ਤੁਸੀਂ ਬੱਚੇ ਜਾਣਦੇ ਹੋ - ਅਸੀਂ ਹੁਣ ਆਸ਼ਿਕ ਬਣੇ ਹਾਂ ਮਾਸ਼ੂਕ ਪਰਮਾਤਮਾ ਦੇ, ਉਹਨਾਂ ਤੋਂ ਵਰਸਾ ਲੈਣ ਲਈ। ਉਹ ਵਿਕਾਰ ਦੇ ਲਈ ਆਸ਼ਿਕ ਹੁੰਦੇ ਹਨ। ਇਹ ਫਿਰ ਆਤਮਾ ਪਰਮਾਤਮਾ ਮਾਸ਼ੂਕ ਦੀ ਆਸ਼ਿਕ ਹੁੰਦੀ ਹੈ। ਦੇਖਦੇ ਹੋ - ਸਭ ਭਗਤ ਉਹਨਾਂ ਨੂੰ ਯਾਦ ਕਰਦੇ ਹਨ। ਉਸ ਮਾਸ਼ੂਕ ਦੀ ਮਹਿਮਾ ਬੜੀ ਭਾਰੀ ਹੈ! ਆਸ਼ਿਕ ਜੋ ਪਤਿਤ ਬਣ ਗਏ ਹਨ ਉਹਨਾਂ ਨੂੰ ਪਾਵਨ ਬਣਾਉਂਦੇ ਹਨ। ਆਤਮਾ ਹੀ ਪਤਿਤ, ਆਤਮਾ ਹੀ ਪਾਵਨ ਬਣਦੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਕਾਲਰਸ਼ਿਪ ਲੈਣ ਦੇ ਲਈ ਚੰਗੀ ਤਰ੍ਹਾਂ ਪੜ੍ਹਣਾ ਹੈ, ਤਖ਼ਤ ਨਸ਼ੀਨ ਦੀ ਦੌੜ ਲਗਾਉਣੀ ਹੈ। ਕਰਮ ਕਰਦੇ ਯਾਦ ਵਿੱਚ ਰਹਿਣਾ ਹੈ।

2. ਅਸੀਂ ਰੂਹਾਨੀ ਯਾਤਰਾ ਤੇ ਹਾਂ, ਇਸਲਈ ਹੋਰ ਸਭਦੀ ਯਾਦ ਬੁੱਧੀ ਤੋਂ ਨਿਕਾਲ ਬਾਪ ਦੀ ਯਾਦ ਵਿੱਚ ਨਿਰੰਤਰ ਰਹਿਣਾ ਹੈ। ਯਾਦ ਦਾ ਰਜਿਸਟਰ ਠੀਕ ਰੱਖਣਾ ਹੈ।

ਵਰਦਾਨ:- ਨਿਰੰਤਰ ਯੋਗੀ ਅਤੇ ਪਵਿੱਤਰ ਬਣ ਸਰਵ ਵਿਕਾਰਾਂ ਨੂੰ ਵਿਦਾਈ ਦੇਣ ਵਾਲੇ ਸ਼ਕਤੀ ਸਵਰੂਪ, ਪੂਜਯ ਸਵਰੂਪ ਭਵ

ਬਾਪ ਦਵਾਰਾ ਸਭ ਬੱਚਿਆਂ ਨੂੰ ਮੁਖ ਦੋ ਵਰਦਾਨ ਪ੍ਰਾਪਤ ਹੁੰਦੇ ਹਨ - ਇੱਕ ਸਦਾ ਯੋਗੀ ਭਵ ਦੂਸਰਾ ਪਵਿੱਤਰ ਭਵ। ਜੋ ਇਹ ਵਰਦਾਨ ਜੀਵਨ ਵਿੱਚ ਸਦਾ ਅਨੁਭਵ ਕਰਦੇ ਹਨ ਉਹ ਦੋ ਚਾਰ ਘੰਟੇ ਦੇ ਯੋਗੀ ਨਹੀਂ ਹੁੰਦੇ ਪਰ ਨਿਰੰਤਰ ਯੋਗੀ ਹੁੰਦੇ ਹਨ। ਪਵਿੱਤਰ ਵੀ ਕਦੀ - ਕਦੀ ਨਹੀਂ, ਸਦਾ ਪਵਿੱਤਰ ਅਤੇ ਸਰਵ ਵਿਕਾਰਾਂ ਨੂੰ ਵਿਦਾਈ ਦੇਣ ਵਾਲੇ। ਇਵੇਂ ਨਹੀਂ ਕਦੀ ਕ੍ਰੋਧ ਜਾਂ ਮੋਹ ਆ ਗਿਆ, ਕੋਈ ਵੀ ਵਿਕਾਰ ਸਮ੍ਰਿਤੀ ਸਵਰੂਪ ਬਣਨ ਨਹੀਂ ਦਵੇਗਾ। ਤਾਂ ਇਵੇਂ ਦੇ ਯੋਗੀ ਹੀ ਸ਼ਾਤੀ ਸਵਰੂਪ ਹਨ ਅਤੇ ਸਦਾ ਪਵਿੱਤਰ ਰਹਿਣ ਵਾਲੇ ਹੀ ਪੂਜਯ ਸਵਰੂਪ ਹਨ।

ਸਲੋਗਨ:- ਸਦਾ ਗਿਆਨ ਸੂਰਜ ਦੇ ਸਮੁੱਖ ਰਹੋ ਤਾਂ ਭਾਗ ਰੂਪੀ ਪਰਛਾਵਾਂ ਤੁਹਾਡੇ ਨਾਲ ਹੈ।

******